# ਪੰਜਾਬ ਵਿਧਾਨ ਸਭਾ ਸਕੱਤਰੇਤ

## ਬੁੱਧਵਾਰ, ਮਿਤੀ 29 ਜੂਨ, 2022 ਨੂੰ ਹੋਣ ਵਾਲੀ ਪੰਜਾਬ ਵਿਧਾਨ ਸਭਾ ਦੀ ਬੈਠਕ ਵਿਚ ਪੁੱਛੇ ਜਾਣ ਵਾਲੇ ਬਿਨ੍ਹਾਂ ਨਿਸ਼ਾਨ ਵਾਲੇ ਪ੍ਰਸ਼ਨ।

### ਬੁਢਲਾਡਾ ਦੇ ਸ਼ਹਿਰਾਂ ਅਤੇ ਪਿੰਡਾਂ ਵਿਖੇ ਡਾਕਟਰਾਂ ਦੀ ਕਮੀ ਪੂਰੀ ਕਰਨਾ ਅਤੇ ਮੁੱਢਲੀਆਂ ਸਹੂਲਤਾਂ ਦੇਣਾ

10. **ਸ਼੍ਰੀ ਬੁੱਧ ਰਾਮ, ਐਮ.ਐਲ.ਏ.**:- ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਹਲਕਾ ਬੁਢਲਾਡਾ ਦੇ ਤਿੰਨ ਸ਼ਹਿਰਾਂ ਬੁਢਲਾਡਾ, ਬਰੇਟਾ, ਬੋਹਾ ਅਤੇ ਪਿੰਡਾਂ ਵਿੱਚ ਡਾਕਟਰਾਂ ਅਤੇ ਪੈਰਾ ਮੈਡੀਕਲ ਸਟਾਫ ਦੀਆਂ ਪੋਸਟਾਂ ਵੱਡੇ ਪੱਧਰ ਤੇ ਖਾਲੀ ਪਈਆਂ ਹਨ ਅਤੇ ਤਿੰਨੇ ਸ਼ਹਿਰਾਂ ਵਿੱਚ ਟੈਸਟਿੰਗ ਲੈਬ ਅਤੇ ਦਵਾਈਆਂ ਵੀ ਨਹੀਂ ਮਿਲਦੀਆਂ ਹਨ;

ਅ) ਕੀ ਸਰਕਾਰ ਹਲਕਾ ਬੁਢਲਾਡਾ ਦੇ ਸ਼ਹਿਰਾਂ ਵਿੱਚ ਸਿਹਤ ਸਟਾਫ, ਮਸ਼ੀਨਰੀ ਅਤੇ ਦਵਾਈਆਂ ਦੇਣ ਦਾ ਪ੍ਰਬੰਧ ਕਰਨ ਲਈ ਵਿਚਾਰ ਕਰੇਗੀ; ਜੇਕਰ ਹਾਂ ਤਾਂ ਕਦੋਂ ਤੱਕ?

### ਚੰਡੀਗੜ੍ਹ ਦੇ ਵੱਖ-ਵੱਖ ਵਿਭਾਗਾਂ ਵਿੱਚ ਪੰਜਾਬ ਅਤੇ ਹਰਿਆਣਾ ਦੇ ਅਧਿਕਾਰੀਆਂ ਦੀ ਤੈਨਾਤੀ ਲਈ ਨਿਯਤ ਅਨੁਪਾਤ

43. **ਸ਼੍ਰੀ ਵਿਕਰਮਜੀਤ ਸਿੰਘ ਚੌਧਰੀ, ਐਮ.ਐਲ.ਏ.**:- ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਸੰਘ ਖੇਤਰ (ਚੰਡੀਗੜ੍ਹ) ਦੇ ਵਿਭਾਗਾਂ ਵਿੱਚ ਪੰਜਾਬ ਅਤੇ ਹਰਿਆਣਾ ਰਾਜਾਂ ਦੇ ਅਧਿਕਾਰੀਆਂ ਦੀ ਤੈਨਾਤੀ ਲਈ ਨਿਯਤ ਅਨੁਪਾਤ ਕੀ ਹੈ;

ਅ) ਪੰਜਾਬ ਸਰਕਾਰ ਵੱਲੋਂ ਭਰੀਆਂ ਜਾਣ ਵਾਲੀਆਂ ਗਰੁੱਪ ਅਤੇ ਸ਼੍ਰੇਣੀ-ਵਾਰ ਮੰਨਜੂਰਸ਼ੁਦਾ ਅਸਾਮੀਆਂ ਦੀ ਕੁੱਲ ਗਿਣਤੀ ਕਿੰਨੀ ਹੈ;

ੲ) ਉਪਰੋਕਤ ਵਰਣਿਤ ਵਿੱਚੋਂ ਇਸ ਸਮੇਂ ਗਰੁੱਪ ਅਤੇ ਸ਼੍ਰੇਣੀ-ਵਾਰ ਖਾਲੀ ਪਈਆਂ ਅਸਾਮੀਆਂ ਦੀ ਗਿਣਤੀ ਕਿੰਨੀ ਹੈ;

ਸ) ਸਰਕਾਰ ਵੱਲੋਂ ਯੂ.ਟੀ. ਚੰਡੀਗੜ੍ਹ ਵਿੱਚ ਖਾਲੀ ਅਸਾਮੀਆਂ ਭਰਨ ਲਈ ਚੁੱਕੇ ਗਏ/ਚੁੱਕੇ ਜਾਣ ਵਾਲੇ ਕਦਮ ਕੀ ਹਨ?

### ਸਵੈ ਸਹਾਇਤਾ ਪ੍ਰਾਪਤ ਸਹਿਕਾਰਤਾ ਸੁਸਾਇਟੀਆਂ ਦੇ ਕਰਜ਼ੇ ਮੁਆਫ ਕਰਨਾ

48. **ਸ਼੍ਰੀ ਵਿਕਰਮਜੀਤ ਸਿੰਘ ਚੌਧਰੀ, ਐਮ.ਐਲ.ਏ.**:- ਕੀ ਸਹਿਕਾਰਤਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਪਿਛਲੀ ਸਰਕਾਰ ਨੇ ਸਵੈ ਸਹਾਇਤਾ ਪ੍ਰਾਪਤ ਸਹਿਕਾਰਤਾ ਸੁਸਾਇਟੀਆਂ ਦੇ ਕਰਜ਼ੇ ਮੁਆਫ ਕਰ ਦਿੱਤੇ ਸਨ, ਜੇਕਰ ਅਜਿਹਾ ਹੋਵੇ ਤਾਂ ਇਸਦੇ ਵੇਰਵੇ ਕੀ ਹਨ;

ਅ) ਕੀ ਸਰਕਾਰ ਨੇ ਸਵੈ-ਸਹਾਇਤਾ ਪ੍ਰਾਪਤ ਸਹਿਕਾਰਤਾ ਸੁਸਾਇਟੀਆਂ ਦੇ ਕਰਜ਼ੇ ਦਾ ਭੁਗਤਾਨ ਕਰ ਦਿੱਤਾ ਹੈ; ਜੇਕਰ ਅਜਿਹਾ ਹੋਵੇ ਤਾ ਇਸ ਦੇ ਵੇਰਵੇ ਕੀ ਹਨ;

ੲ) ਕਰਜ਼ਾ ਮੁਆਫੀ ਸਕੀਮ ਤਹਿਤ ਸਵੈ ਸਹਾਇਤਾ ਪ੍ਰਾਪਤ ਸਹਿਕਾਰਤਾ ਸੁਸਾਇਟੀਆਂ ਦੇ ਮੈਬਰਾਂ ਨੂੰ ਬਕਾਇਆ ਲਾਭ ਕਦੋਂ ਤੱਕ ਪ੍ਰਾਪਤ ਹੋਵੇਗਾ?

### ਲੇਬਰ ਚੌਂਕਾਂ ਤੇ ਮਜ਼ੂਦਰਾਂ ਨੂੰ ਬੇਸਿਕ ਸਹੂਲਤਾਂ ਦੇਣਾ

55. **ਡਾ. ਨੱਛਤਰ ਪਾਲ, ਐਮ.ਐਲ.ਏ.**:- ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਰਾਜ ਦੇ ਬਹੁਤ ਸਾਰੇ ਮਜ਼ਦੂਰ ਜੋ ਰਾਜ ਦੇ ਵੱਖ-ਵੱਖ ਸ਼ਹਿਰਾਂ ਅਤੇ ਕਸਬਿਆਂ ਵਿੱਚ ਹਰ ਰੋਜ਼ ਲੇਬਰ ਚੌਂਕਾਂ ਤੇ ਸਵੇਰੇ ਦਿਹਾੜੀ ਲਗਾਉਣ ਲਈ ਇਕੱਠੇ ਹੁੰਦੇ ਹਨ, ਉਨ੍ਹਾਂ ਲੇਬਰ ਚੌਂਕਾ ਤੇ ਮਜ਼ੂਦਰਾਂ ਦੇ ਬੈਠਣ ਲਈ ਬੈਂਚ, ਛੱਤ, ਪੱਖੇ, ਪਾਣੀ ਅਤੇ ਵਾਸ਼ਰੂਮ ਆਦਿ ਬੇਸਿਕ ਸਹੂਲਤਾਂ ਦਾ ਕੋਈ ਪ੍ਰਬੰਧ ਨਹੀਂ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਇਨ੍ਹਾਂ ਲੇਬਰ ਚੌਕਾਂ ਤੇ ਮਜ਼ਦੂਰਾਂ ਨੂੰ ਇਹ ਬੇਸਿਕ ਸਹੂਲਤਾਂ ਮੁੱਹਈਆ ਕਰਵਾਉਣ ਦੀ ਕਿਸੇ ਤਜਵੀਜ਼ ਤੇ ਵਿਚਾਰ ਕਰ ਰਹੀ ਹੈ; ਜੇਕਰ ਹਾਂ ਤਾਂ ਕਦੋਂ ਤੱਕ?

### ਰਿਜਰਵੇਸ਼ਨ ਪਾਲਿਸੀ ਲਾਗੂ ਕਰਨਾ

64. **ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ, ਐਮ.ਐਲ.ਏ.**:- ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਐਡਵੋਕੇਟ ਜਨਰਲ, ਐਡੀਸ਼ਨਲ ਐਡਵੋਕੇਟ ਜਨਰਲ, ਅਸਿਸਟੈਂਟ ਐਡਵੋਕੇਟ ਜਨਰਲ ਦੀਆਂ ਪੋਸਟਾਂ ਵਿੱਚ ਰਿਜਰਵੇਸ਼ਨ ਨੀਤੀ ਲਾਗੂ ਨਹੀਂ ਕੀਤੀ ਜਾਂਦੀ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਇੱਥੇ ਰਿਜਰਵੇਸ਼ਨ ਪਾਲਿਸੀ ਲਾਗੂ ਕਰਨ ਦੀ ਕਿਸੇ ਤਜਵੀਜ਼ ਤੇ ਵਿਚਾਰ ਕਰੇਗੀ; ਜੇਕਰ ਹਾਂ ਤਾਂ ਕਦੋਂ ਤੱਕ?

ਪਰਤੋਂ ਜੀ........

**ਕੋਵਿਡ ਮਹਾਂਮਾਰੀ ਦੌਰਾਨ ਆਕਸੀਜ਼ਨ ਉਪਲੱਬਧ ਨਾ ਹੋਣ ਕਾਰਨ ਹੋਈਆਂ ਮੌਤਾਂ ਦਾ ਵੇਰਵਾ**

69. **ਡਾ. ਸੁਖਵਿੰਦਰ ਕੁਮਾਰ, ਐਮ.ਐਲ.ਏ.**:- ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਰਾਜ ਵਿੱਚ ਕੋਵਿਡ-19 ਮਹਾਂਮਾਰੀ ਦੌਰਾਨ ਕਿੰਨੇ ਮਰੀਜ਼ਾਂ ਦੀ ਆਕਸੀਜ਼ਨ ਉਪਲੱਬਧ ਨਾ ਹੋਣ ਕਾਰਨ ਮੌਤ ਹੋਈ ਹੈ ਅਤੇ ਕੀ ਸਰਕਾਰ ਵੱਲੋਂ ਮ੍ਰਿਤਕਾਂ ਦੇ ਪਰਿਵਾਰਾਂ ਨੂੰ ਕੋਈ ਮੁਆਵਜ਼ਾ ਦਿੱਤਾ ਗਿਆ ਹੈ; ਜੇਕਰ ਅਜਿਹਾ ਹੋਵੇ ਤਾਂ ਉਸਦੇ ਵੇਰਵੇ ਕੀ ਹਨ ਅਤੇ ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ;

ਅ) ਕੀ ਕਰੋਨਾ ਮਹਾਂਮਾਰੀ ਦੌਰਾਨ ਕੇਂਦਰ ਸਰਕਾਰ ਵੱਲੋਂ ਰਾਜ ਸਰਕਾਰ ਨੂੰ ਸਪਲਾਈ ਕੀਤੇ ਗਏ ਵੈਂਟੀਲੈਂਟਰਾਂ ਦੀ ਡਿਲਵਰੀ ਪ੍ਰਾਪਤ ਹੋਣ ਤੋਂ ਤੁਰੰਤ ਬਾਅਦ ਰਾਜ ਸਰਕਾਰ ਨੇ ਇਨ੍ਹਾਂ ਸਾਰੇ ਵੈਂਟੀਲੈਟਰਾਂ ਨੂੰ ਸਥਾਪਿਤ ਕਰਕੇ ਕਾਰਜਸ਼ੀਲ ਕਰ ਦਿੱਤਾ ਸੀ, ਜੇਕਰ ਹਾਂ ਤਾਂ ਇਸ ਦੇ ਵੇਰਵੇ ਕੀ ਹਨ;

ੲ) ਕੀ ਰਾਜ ਸਰਕਾਰ ਵੱਲੋਂ ਆਪਣੇ ਪੱਧਰ ਤੇ ਕੋਵਿਡ-19 ਮਹਾਂਮਾਰੀ ਦੀ ਦੂਜੀ ਵੇਵ, ਜਿਸ ਦੀ ਵਿਗਿਆਨਕਾਂ ਨੇ ਭਵਿੱਖਬਾਣੀ ਛੇ ਮਹੀਨੇ ਪਹਿਲਾਂ ਹੀ ਕਰ ਦਿੱਤੀ ਸੀ, ਨੂੰ ਧਿਆਨ ਵਿੱਚ ਰੱਖਦੇ ਹੋਏ ਐਂਮਰਜੈਂਸੀ ਵੇਲੇ ਵਰਤਣ ਲਈ ਆਕਸੀਜ਼ਨ ਸਟੋਰ ਕਰਨ ਜਾਂ ਪਲਾਂਟ ਸਥਾਪਤ ਕਰਨ, ਮਸ਼ੀਨਾਂ, ਦਵਾਈਆਂ ਦਾ ਪ੍ਰਬੰਧ ਕਰਨ ਅਤੇ ਬਾਹਰਲੇ ਦੇਸ਼ਾਂ ਤੋਂ ਕਰੋਨਾ ਵੈਕਸੀਨ ਖ਼ਰੀਦਣ ਲਈ ਕੋਈ advance ਵਿੱਚ ਕਾਰਵਾਈ ਕੀਤੀ ਸੀ; ਜੇਕਰ ਅਜਿਹਾ ਹੋਵੇ ਤਾਂ ਉਸਦੇ ਵੇਰਵੇ ਕੀ ਹਨ ਅਤੇ ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ?

**2002-2003 ਤੋਂ 2021-2022 ਹੁਣ ਤੱਕ ਸ਼ਰਾਬ ਦੀ ਵਿੱਕਰੀ ਤੋਂ ਇਕੱਤਰ ਹੋਏ ਮਾਲੀਏ ਦੇ ਵੇਰਵੇ**

78. **ਡਾ. ਸੁਖਵਿੰਦਰ ਕੁਮਾਰ, ਐਮ.ਐਲ.ਏ.**:- ਕੀ ਆਬਕਾਰੀ ਤੇ ਕਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਸਰਕਾਰ ਨੇ ਵਿੱਤੀ ਸਾਲ 2002-2003 ਤੋਂ 2021-2022 ਤੱਕ ਸ਼ਰਾਬ ਦੀ ਵਿੱਕਰੀ ਤੋਂ ਸਾਲਵਾਰ ਕਿੰਨਾ-ਕਿੰਨਾ ਮਾਲੀਆ ਇਕੱਤਰ ਕਰਨ ਦਾ ਟੀਚਾ ਮਿੱਥਿਆ ਸੀ ਅਤੇ ਕਿੰਨਾ ਮਾਲੀਆ ਇਕੱਤਰ ਹੋਇਆ ਸੀ ਅਤੇ ਵਿੱਤੀ ਸਾਲ 2022-23 ਵਿੱਚ ਸਰਕਾਰ ਵੱਲੋਂ ਸ਼ਰਾਬ ਦੀ ਵਿੱਕਰੀ ਤੋਂ ਕਿੰਨਾਂ ਮਾਲੀਆ ਇਕੱਤਰ ਕਰਨ ਦਾ ਟੀਚਾ ਮਿੱਥਿਆ ਗਿਆ ਹੈ; ਵੇਰਵੇ ਸਹਿਤ ਦੱਸਿਆ ਜਾਵੇ?

**ਸਹਿਕਾਰਤਾ ਵਿਭਾਗ ਅਧੀਨ ਆਉਂਦੇ ਸਹਿਕਾਰੀ ਬੈਂਕਾਂ ਦੇ ਵੇਰਵੇ**

84. **ਸ਼੍ਰੀਮਤੀ ਜੀਵਨਜੋਤ ਕੌਰ, ਐਮ.ਐਲ.ਏ.**:- ਕੀ ਸਹਿਕਾਰਤਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਪੰਜਾਬ ਦੇ ਸਹਿਕਾਰਤਾ ਵਿਭਾਗ ਅਧੀਨ ਕਿਹੜੇ-ਕਿਹੜੇ ਸਹਿਕਾਰੀ ਬੈਂਕ ਆਉਂਦੇ ਹਨ ਅਤੇ ਉਹਨਾਂ ਦੀ ਜ਼ਿਲ੍ਹਵਾਰ ਵਿੱਤੀ ਸਥਿਤੀ ਕੀ ਹੈ;

ਅ) ਕੀ ਸੂਬਾ ਸਰਕਾਰ ਦੀ ਸਾਰੀਆਂ ਸਹਿਕਾਰੀ ਬੈਂਕਾਂ ਨੂੰ ਆਪਸ ਵਿੱਚ ਰਲੇਵਾਂ (ਮਰਜਰ) ਕਰਨ ਦੀ ਕੋਈ ਯੋਜਨਾ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੈ ਤਾਂ ਕਦੋਂ ਤੱਕ?

**ਚੰਡੀਗੜ੍ਹ**
**ਮਿਤੀ 27 ਜੂਨ, 2022**

**ਸੁਰਿੰਦਰ ਪਾਲ,**
**ਸਕੱਤਰ,**
**ਪੰਜਾਬ ਵਿਧਾਨ ਸਭਾ।**